# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੀ ਅਨੁਪੂਰਕ ਪ੍ਰੀਖਿਆ ਕੰਪਾਰਟਮੈਂਟ/ਰੀ-ਅਪੀਅਰ ਅਤੇ ਵਾਧੂ ਵਿਸ਼ੇ ਜੁਲਾਈ/ਅਗਸਤ-2025 ਵਿੱਚ ਲਈ ਜਾ ਰਹੀ ਹੈ। ਇਸ ਪ੍ਰੀਖਿਆ ਲਈ ਕਿਸੇ ਕਾਰਨ ਜੇਕਰ ਕੋਈ ਵਿਦਿਆਰਥੀ ਨਿਰਧਾਰਤ ਸ਼ਡਿਊਲ ਅਨੁਸਾਰ ਆਪਣਾ ਫਾਰਮ ਅਤੇ ਫੀਸ ਭਰਨ ਤੋਂ ਰਹਿ ਗਿਆ ਹੈ, ਤਾਂ ਅਜਿਹੇ ਪ੍ਰੀਖਿਆਰਥੀਆਂ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵਿਸ਼ੇਸ਼ ਸਹੂਲਤ ਦਿੰਦੇ ਹੋਏ ਮੁੱਖ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਵਿਖੇ Walk in Centre ਬਣਾਇਆ ਗਿਆ ਹੈ। ਅਜਿਹੇ ਪ੍ਰੀਖਿਆਰਥੀਆਂ ਨੂੰ ਡੇਟਸ਼ੀਟ ਅਨੁਸਾਰ ਆਪਣੇ ਸਬੰਧਤ ਵਿਸ਼ੇ ਦੀ ਪ੍ਰੀਖਿਆ ਤੋਂ ਕੰਮ-ਕਾਜ ਵਾਲੇ ਦੋ ਦਿਨ ਪਹਿਲਾਂ ਤੱਕ ਮੁੱਖ ਦਫਤਰ ਵਿਖੇ ਫਾਰਮ ਅਤੇ ਫੀਸ (ਬਣਦੀ ਸਾਧਾਰਨ ਫੀਸ + ਲੇਟ ਫੀਸ 2500/- ਰੁਪਏ) ਭਰਨ ਦਾ ਮੌਕਾ ਦਿੱਤਾ ਜਾਂਦਾ ਹੈ।

(ਲਵਿਸ਼ ਚਾਵਲਾ)

ਕੰਟਰੋਲਰ ਪ੍ਰੀਖਿਆਵਾਂ